੧ੴ ਵਾਹਿਗੁਰੂ ਜੀ ਕੀ ਫਤਹਿ ॥

ਅਵਲਿ ਅਲਹ ਨੂਰੁ ਉਪਾਇਆ ਕੁਦਰਤ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥

# KOMAGATA MARU INCIDENT



Full view of the 2,900 ton steamer *Komagata Maru* at anchor in the Burrard Inlet near Pier A (west of Canada Place) Vancouver, from 23 May-23 July 1914.



Baba Gurdit Singh with binoculars, the leader of the 376 passengers on the *Komagata Maru* (also named *Guru Nanak Jahaz*).

## 75th ANNIVERSARY ( 1914 - 1989 )

**Seventy five years ago, the Komagata Maru, after a historic voyage, arrived in the Burrard inlet, Vancouver on May 23, 1914 from the Indian-Sub continent. The 376 passengers ( 340 Sikhs, 24 Muslims, 12 Hindus )were forced to leave on July 23, 1914 under the guard of HMCS Rainbow as a result of Canada's Immigration policy of exclusion. To pay homage and commemorate this reprehensible incident you are invited to participate in the activities below:**

## JULY 23, 1989 AT 2:00 P.M.

### HISTORICAL GATHERING AT THE FOOT OF BURRARD STREET ON CANADA PLACE OVERPASS

( just west of Canada Place )
from where the Komagata Maru was anchored.

**Highlights:**

* Representation by Federal, Provincial, Municipal Government Officials
* Reading of Proclamations and historical presentation
* Unveiling of Plaque
* Cultural Programme and Exhibition
* Aerial presentation
* Souvenirs and articles




## JULY 23, 1989 AT 10:00 A.M.

**Khalsa Diwan Society, 8000 Ross Street, Vancouver**

* Historical presentation after the Akhand Path Bhog
* Unveiling of Plaque

## JULY 16 - 22, 1989 6:00 P.M. 8:00 P.M. DAILY

**Khalsa Diwan Society, 8000 Ross Street, Vancouver**

* Tour of the Sikh Temple
* Exhibition and articles on Komagata Maru Incident in English & Punjabi
* Guru Ka Langar (Vegetarian Meal)

## JULY 9 - 16, 1989 DAILY

*** Donations to Food Banks to be made at all the Gurdwaras across Canada in recognition of the starvation and humiliation the passengers suffered in Vancouver.**

This project is organized by:

* Khalsa Diwan Society, 8000 Ross Street, Vancouver, B.C. V5X 4C5 Tel: (604) 322 - 5610
* Khalsa Diwan Society, 33089 S. Fraserway, Abbotsford, B.C. V2S 2B1 Tel: (604) 859 - 5665
* Khalsa Diwan Society, 347 Wood Street, New Westminster, B.C. V3W 5K6 Tel: (604) 521 - 3111
* Guru Nanak Sikh Temple, 7050 - 120th Street, Surrey, B.C. V3W 3M5 Tel: (604) 594 - 4836

and supported by other Societies across Canada and U.S.A.

੧ੴ ਵਾਹਿਗੁਰੂ ਜੀ ਕੀ ਫਤਹਿ ॥

ਅਵਲਿ ਅਲਹ ਨੂਰੁ ਉਪਾਇਆ ਕੁਦਰਤ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥

* ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ, * ਖਾਲਸਾ ਦੀਵਾਨ ਸੋਸਾਇਟੀ ਐਬਟਸਫੋਰਡ, * ਖਾਲਸਾ ਦੀਵਾਨ ਸੋਸਾਇਟੀ ਨਿਊਵੈਸਟਮਿਨਸਟਰ * ਗੁਰੂ ਨਾਨਕ ਸਿੱਖ ਟੈਂਪਲ ਡੈਲਟਾ-ਸਰੀ

ਵਲੋਂ

ਦੇਗ ਤੇਗ ਫਤਿਹ — ਪੰਥ ਕੀ ਜੀਤ

# ਕਾਮਾਗਾਟਾ ਮਾਰੂ ਦੁਰ-ਘਟਨਾ

## 75 ਵੀਂ ਵਰ੍ਹੇ ਗੰਢ ( 1914 - 1989 ) ਤੇ

# ਵਿਸ਼ੇਸ਼ ਇਕਤੱਰਤਾ



23 ਮਈ 1914 ਨੂੰ ਵੈਨਕੂਵਰ ਦੀ ਖਾੜੀ ਅੰਦਰ ਕਾਮਾਗਾਟਾ ਮਾਰੂ (ਜਿਸ ਦਾ ਨਾਮ ਗੁਰੂ ਨਾਨਕ ਜਹਾਜ਼ ਰਖਿਆ ਗਿਆ ਸੀ ) ਜਹਾਜ਼ ਦੇ ਮੁਸਾਫਿਰਾਂ ਸਮੇਤ ਬਾਬਾ ਗੁਰਦਿੱਤ ਸਿੰਘ ਜੀ ਦੂਰਬੀਨ ਨਾਲ

**23 ਜੁਲਾਈ ਨੂੰ ਦੁਪਿਹਰ ਦੇ 2:00 ਵਜੇ ਬੁਰਾੜ ਸਟ੍ਰੀਟੱ ਵੈਸਟ ਔਫ ਕੈਨੇਡਾ ਪਲੇਸ ( ਵੈਨਕੂਵਰ )**



23 ਮਈ ਤੋਂ 23 ਜੁਲਾਈ 1914 ਤੱਕ ਵੈਨਕੂਵਰ ਦੀ ਖਾੜੀ ਅੰਦਰ ਲੰਗਰ ਸੁੱਟ ਕੇ 2900 ਟੰਨ ਦਾ ਸਮੁੰਦਰੀ ਜਹਾਜ਼ ਕਾਮਾਗਾਟਾ ਮਾਰੂ

ਸਤਿਕਾਰ ਯੋਗ ਕੈਨੇਡਾ ਨਿਵਾਸੀ ਸਾਧ ਸੰਗਤ ਜੀਓ।

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

ਆਪ ਸਭ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 75 ਵਰ੍ਹੇ ਪਹਿਲਾਂ ਕਾਮਾਗਾਟਾ ਮਾਰੂ ਸਮੁੰਦਰੀ ਜਹਾਜ਼ ( ਗੁਰੂ ਨਾਨਕ ਜਹਾਜ਼ ) ਹਾਂਗ ਕਾਂਗ, ਸ਼ੰਘਈ, ਮੋਜੀ ਤੇ ਯੋਕੋਹਾਮਾ ਤੋਂ 376 ਮੁਸਾਫਿਰਾਂ ਦੇ ਨਾਲ ( 340 ਸਿੱਖ, 24 ਮੁਸਲਮਾਨ ਤੇ 12 ਹਿੰਦੂ ) 23 ਮਈ 1914 ਨੂੰ ਵੈਨਕੂਵਰ ਵਿਖੇ ਬੁਰਾੜ ਇਨਲੈਟ ਦੀ ਖਾੜੀ ਵਿੱਚ ਪੁੱਜਾ। ਦੋ ਮਹੀਨੇ ਲਗਾਤਾਰ ਮੁਸਾਫਿਰ ਭੁੱਖੇ ਤਿਹਾਏ ਤਸੀਹੇ ਸਹਾਰਦੇ ਰਹੇ, ਨਸਲੀ ਵਿਤਕਰੇ ਭਰੀ ਕੈਨੇਡਾ ਦੀ ਸਰਕਾਰ ਨੇ 23 ਜੁਲਾਈ 1914 ਨੂੰ ਜੰਗੀ ਜਹਾਜ਼ ਦੇ ਪਹਿਰੇ ਅਧੀਨ ਫੌਜੀ ਤਾਕਤ ਨਾਲ ਕਾਮਾਗਾਟਾ ਮਾਰੂ ਜਹਾਜ਼ ਨੂੰ ਵਾਪਸ ਭੇਜ ਦਿੱਤਾ। ਇਸ ਜਹਾਜ਼ ਦੇ ਮੁਸਾਫਿਰਾਂ ਨੂੰ ਕੈਨੇਡਾ ਦੀ ਧਰਤੀ ਤੇ ਪੈਰ ਰੱਖਣ ਦੀ ਵੀ ਆਗਿਆ ਨਹੀਂ ਦਿੱਤੀ ਗਈ ਇਸ ਪ੍ਰੋਗਰਾਮ ਨੂੰ ਨੇਪਰੇ ਚੜ੍ਹਾਉਣ ਲਈ ਕੈਨੇਡਾ ਤੇ ਅਮਰੀਕਾ ਦੀਆਂ ਸਮੂੰਹ ਸਿਖ ਸੋਸਾਇਟੀਆਂ ਸਹਿਯੋਗ ਦੇ ਰਹੀਆਂ ਹਨ। ਇਸ ਦਰਦਨਾਕ ਘਟਨਾ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਕੁਝ ਪ੍ਰੋਗਰਾਮ ਉਲੀਕੇ ਗਏ ਹਨ।

## ----------: ਪ੍ਰੋਗਰਾਮ :----------

### ਜੁਲਾਈ 9 - 16, 1989 ਰੋਜ਼ਾਨਾ ਫੂਡ ਬੈਂਕ

ਕੈਨੇਡਾ ਭਰ ਦੇ ਸਮੂੰਹ ਗੁਰਦੁਆਰਾ ਸਾਹਿਬਾਨ ਵਿਖੇ ਖਾਣ ਪੀਣ ਦੀਆਂ ਵਸਤਾਂ ਇਕੱਠੀਆਂ ਕਰਕੇ ਇਥੋਂ ਦੇ ਫੂਡ ਬੈਂਕ ਨੂੰ ਦਿੱਤੀਆਂ ਜਾਣਗੀਆਂ। ਸਾਡੇ ਵੀਰ, ਭੈਣਾਂ ਤੇ ਬੱਚੇ ਭੁੱਖੇ ਭਾਣੇ ਫਾਕੇ ਕੱਟਕੇ ਇਥੋਂ ਵਾਪਸ ਭੇਜੇ ਗਏ ਸਨ। ਆਓ,ਅਸੀਂ ਉਨ੍ਹਾਂ ਦੀਆਂ ਯਾਦਾਂ ਨੂੰ ਮਾਣਤਾ ਦੇਣ ਲਈ ਖੁਲ੍ਹੇ ਦਿਲ ਨਾਲ ਖੁਰਾਕ ਦੇ ਭੰਡਾਰ ਵੰਡੀਏ।

### ਓਪਨ ਹਾਊਸ: ਜੁਲਾਈ 16 - 22, 1989 ਸਮਾਂ ਸ਼ਾਮ ਨੂੰ 6:00 - 8:00 ਵਜੇ ਰੋਜ਼ਾਨਾ

1. ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਦੀ ਯਾਤਰਾ
2. ਇਤਿਹਾਸਿਕ ਫੋਟੋਆਂ ਦੀ ਪ੍ਰਦਰਸ਼ਨੀ ਤੇ ਕਾਮਗਾਟਾ ਮਾਰੂ ਸਬੰਧੀ ਪੰਜਾਬੀ ਤੇ ਅੰਗਰੇਜ਼ੀ ਵਿੱਚ ਲੇਖ
3. ਗੁਰੂ ਕਾ ਲੰਗਰ ਅਤੁੱਟ ਵਰਤੇਗਾ




### ਅਖੰਡਪਾਠ ਸਾਹਿਬ

ਅਰੰਭ ਸ੍ਰੀ ਅਖੰਡਪਾਠ ਸਾਹਿਬ, ਸ਼ੁੱਕਰਵਾਰ 21 ਜਲਾਈ, 1989 - 10:00 ਵਜੇ ਸਵੇਰੇ

ਭੋਗ ਸ੍ਰੀ ਅਖੰਡਪਾਠ ਸਾਹਿਬ, ਐਤਵਾਰ 23 ਜੁਲਾਈ, 1989 - 10:00 ਵਜੇ ਸਵੇਰੇ

ਭੋਗ ਉਪ੍ਰੰਤ ਦੀਵਾਨ ਸਜਣਗੇ ਜਿਸ ਵਿੱਚ ਕੀਰਤਨੀ ਜਥੇ ਗੁਣੀ ਗਿਆਨੀ ਕਾਮਾਗਾਟਾ ਮਾਰੂ ਦੀ ਦੁਰਘਟਨਾ ਸਬੰਧੀ ਚਾਨਣਾ ਪਾਉਣਗੇ। ਪਲੈਕ ਦੀ ਪਰਦਰਸ਼ਨੀ ਹੋਵੇਗੀ।

## ਵਿਸ਼ਾਲ ਇਕੱਠ

ਜੁਲਾਈ 23, 1989 ਨੂੰ ਦੁਪਹਿਰ ਦੇ 2:00 ਵਜੇ ਮਹੱਤਵ ਪੂਰਨ ਇਕੱਠ ਬੁਰਾੜ ਸਟ੍ਰੀਟ ਕੈਨੇਡਾ ਪਲੇਸ, ਵੈਨਕੂਵਰ ਤੇ ਹੋਵੇਗਾ। ਇਹ ਉਹ ਇਤਿਹਾਸਿਕ ਥਾਂ ਹੈ ਜਿੱਥੋਂ ਸਿਰਫ 200 ਮੀਟਰ ਦੀ ਦੂਰੀ ਤੇ ਕਾਮਾਗਾਟਾ ਮਾਰੂ ਜਹਾਜ਼ ਨੂੰ 2 ਮਹੀਨੇ ਖੜ੍ਹਾ ਕੀਤਾ ਗਿਆ ਸੀ।

ਬੁਲਾਰੇ: ਕੇਂਦਰੀ, ਪ੍ਰਾਂਤਿਕ ਤੇ ਮਿਊਂਸਪਲ ਗਵਰਮੈਂਟ ਦੇ ਅਹੁਦੇਦਾਰ ਆਪਣੇ ਵਿਚਾਰ ਪ੍ਰਗਟ ਕਰਨਗੇ।
ਇਤਿਹਾਸਿਕ ਘਟਨਾ ਤੇ ਰੋਸ਼ਨੀ ਪਾਈ ਜਾਵੇਗੀ
ਇਤਿਹਾਸਿਕ ਫੋਟੋਆਂ ਦੀ ਪ੍ਰਦਰਸ਼ਨੀ ਤੇ ਸੱਭਿਆਚਾਰਿਕ ਪ੍ਰੋਗਰਾਮ
ਹਵਾਈ ਜਹਾਜ਼ ਰਾਹੀਂ ਖਾਸ ਸੰਦੇਸ਼
ਪਲੈਕ ਦਰਸ਼ਨ
ਯਾਦਗਾਰੀ ਸੁਵੀਨਿਅਰ, ਪੰਜਾਬੀ ਤੇ ਅੰਗਰੇਜ਼ੀ ਵਿੱਚ ਕਾਮਾਗਾਟਾ ਮਾਰੂ ਸਬੰਧੀ ਲੇਖ ਵੰਡੇ ਜਾਣਗੇ

ਸਨਿਮਰ ਬੇਨਤੀ ਹੈ ਕਿ ਉਪਰੋਕਤ ਪ੍ਰੋਗਰਾਮਾਂ ਵਿੱਚ ਇੱਕ ਮੁੱਠ ਹੋਕੇ ਆਪਣਾ ਪੂਰਾ ਸਹਿਯੋਗ ਪਾਉਣ ਦੀ ਕਿਰਪਾਲਤਾ ਕਰੋ ਜੀ। ਆਪਣੇ ਬਹਾਦਰੀ ਤੇ ਅਣਖੀਲੇ ਗੌਰਵਮਈ ਵਿਰਸੇ ਨੂੰ ਸ਼ਰਧਾਂਜਲੀ ਭੇਂਟ ਕਰਨ ਦਾ ਸੁਭਾਗ ਪ੍ਰਾਪਤ ਕਰੋ ਜੀ।

ਸੰਗਤਾਂ ਦੇ ਦਰਸ਼ਨ ਤੇ ਸਹਿਯੋਗ ਦੇ ਅਭਿਲਾਸ਼ੀ
ਸਿਖ ਸੋਸਾਇਟੀਆਂ